ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

ਹੁਕਮ ਨੰ : 10/101-14 ਅ-1(6) ਕੋ:ਸੈ:(2)
ਮਿਤੀ : 10-12-2014

ਦੋਸ ਸੂਚੀ

**ਸ਼੍ਰੀ ਧਨਵੰਤ ਸਿੰਘ, ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਲੀਨਾ (ਮੋਗਾ) ਨੂੰ** ਇਸ ਪੱਤਰ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸੇਵਾ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix) ਅਧੀਨ ਇਸ ਪੱਤਰ ਨਾਲ ਨੱਥੀ ਕੀਤੇ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸਬੰਧੀ ਕਾਰਵਾਈ ਕਰਨ ਦੀ ਤਜ਼ਵੀਜ਼ ਹੈ ।

2. ਕਰਮਚਾਰੀ ਨੂੰ ਦੱਸਿਆ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪਹੁੰਚ ਤੋਂ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਇਹਨਾਂ ਸਾਰਿਆਂ ਜਾਂ ਕਿਸੇ ਦੋਸ਼ ਨੂੰ ਮੰਨਦਾ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦਾ ਹੈ।

3. ਕਰਮਚਾਰੀ ਨੂੰ ਇਸ ਪੱਤਰ ਰਾਂਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜਵਾਬ ਤਿਆਰ ਕਰਨ ਲਈ ਕੋਈ ਸਬੰਧਤ ਰਿਕਾਰਡ ਵੇਖਣਾ ਚਾਹੇ ਤਾਂ ਉਹ ਡਾਇਰੈਕਟੋਰੇਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ) ਦੇ ਦਫਤਰ ਵਿਚ ਇਸ ਪੱਤਰ ਦੀ ਪਹੁੰਚ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਵੇਖ ਸਕਦਾ ਹੈ। ਉਸ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪ੍ਰੋਕਤ ਅਫਸਰ ਦੇ ਪਾਸ ਹੋਵੇਗਾ ਅਤੇ ਜਿਸ ਦਾ ਸਿੱਧਾ ਸਬੰਧ ਇਸ ਕੇਸ ਨਾਲ ਹੋਵੇਗਾ। ਜੇਕਰ ਉਸ ਅਫਸਰ ਦੀ ਰਾਇ ਵਿੱਚ ਇਹ ਰਿਕਾਰਡ ਵਿਖਾਉਣਾ ਲੋਕ ਹਿੱਤ ਵਿੱਚ ਨਹੀਂ ਹੋਵੇਗਾ ਤਾਂ ਉਹ ਰਿਕਾਰਡ ਵਿਖਾਉਣ ਤੋਂ ਨਾਂਹ ਕਰ ਸਕਦਾ ਹੈ। ਜੇਕਰ ਉਹ ਕੋਈ ਹੋਰ ਸਬੰਧਤ ਰਿਕਾਰਡ, ਜੋ ਉਸ ਦਫਤਰ ਪਾਸ ਨਾ ਹੋਵੇ, ਵੇਖਣਾ ਚਾਹੇ ਤਾਂ ਉਸ ਦਾ ਸਬੰਧਤ ਰਿਕਾਰਡ ਨੂੰ ਨਾ ਵੇਖਣਾ ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਣ ਨਹੀਂ ਮੰਨਿਆ ਜਾਵੇਗਾ ਅਤੇ ਲਿਖਤੀ ਜਵਾਬ ਇਸ ਪੱਤਰ ਦੇ ਨਿਸਚਿਤ ਸਮੇਂ ਦੇ ਅੰਦਰ ਅੰਦਰ ਸਹੀ ਕਰਤਾ ਨੂੰ ਨਾ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਕੋਈ ਜਵਾਬ ਨਹੀਂ ਦੇਣਾ। ਜਵਾਬ ਨਾ ਦੇਣ ਦੀ ਸੂਰਤ ਵਿੱਚ ਕੇਸ ਦਾ ਇਕ ਤਰਫਾ ਫੈਸਲਾ ਕੇਸ ਦੇ ਗੁਣ ਦੋਸ਼ਾਂ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿੱਖਤੀ ਜਵਾਬ ਜ਼ਿਲ੍ਹਾ ਸਿਖਿਆ ਅਫਸਰ (ਸੈ:ਸਿ:), ਮੋਗਾ ਰਾਂਹੀਂ ਭੇਜਿਆ ਜਾਵੇ ਅਤੇ ਇਸ ਦੀ ਇੱਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

(ਰਜਿ:) **ਸ਼੍ਰੀ ਧਨਵੰਤ ਸਿੰਘ, ਲੈਕਚਰਾਰ ਪੰਜਾਬੀ,**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਲੀਨਾ (ਮੋਗਾ)**
ਪਿੱਠ ਅੰਕਣ ਨੰ: ਉਕਤ

ਮਿਤੀ : 12/12/14

<u>ਉਤਾਰਾ ਹੇਠ ਲਿਖਿਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ :-</u>

1. ਜਿਲਾ ਸਿਖਿਆ ਅਫਸਰ (ਸੈ: ਸਿੱ:) ਮੋਗਾ, ਉਪਰੋਕਤ ਕਰਮਚਾਰੀ ਦਾ ਉੱਤਰ ਨਿਸਚਿਤ ਸਮੇ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ ਤੁਰੰਤ ਇਸ ਦਫਤਰ ਨੂੰ ਭੇਜਣ।

2. ਪ੍ਰਿੰਸੀਪਲ/ਮੁੱਖਅਧਿਆਪਕ ਸਸਸਸ ਮਹਿਤਾਬਗੜ੍ਹ (ਮੋਗਾ), ਸਬੰਧਤ ਦਾ ਉੱਤਰ ਆਪਣੀ ਟਿੱਪਣੀ ਸਹਿਤ ਉਪਰੋਕਤ ਦਰਸਾਏ ਸਮੇਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਮੋਗਾ ਰਾਹੀਂ ਇਸ ਦਫਤਰ ਨੂੰ ਭੇਜਣ।

— ਸਹੀ —
ਸੁਪਰਡੈਂਟ ਕੋਆਰਡੀਨੇਸ਼ਨ ਸੈਲ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

## ਦੋਸ਼ ਸੂਚੀ

ਸ਼੍ਰੀ ਧਨਵੰਤ ਸਿੰਘ, ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਲੀਨਾ (ਮੋਗਾ) ਵਿਰੁੱਧ ਦੋਸ਼ ਹੈ ਕਿ ਉਹ ਮਿਤੀ 29-05-12 ਤੋਂ ਆਪਣੀ ਡਿਊਟੀ ਤੋਂ ਜਾਣ-ਬੁੱਝ ਕੇ ਗੈਰਹਾਜਰ ਹੈ।

ਇਸ ਤਰਾਂ ਕਰਕੇ ਕਰਮਚਾਰੀ ਨੇ ਆਪਣੇ ਆਪ ਨੂੰ ਸਜਾ ਦਾ ਭਾਗੀ ਬਣਾਇਆ ਹੈ ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

## ਦਸਤਾਵੇਜਾਂ ਦੀ ਸੂਚੀ

1 ਕਰਮਚਾਰੀ ਦੀ ਗੈਰਹਾਜਰੀ ਬਾਰੇ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਮੋਗਾ ਦੇ ਦਫਤਰ ਦੀ ਸਬੰਧਤ ਮਿਸਲ।

2. ਸਬੰਧਤ ਸਕੂਲ ਦਾ ਹਾਜਰੀ ਰਜਿਸਟਰ ਤੇ ਹੋਰ ਰਿਕਾਰਡ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

## ਗਵਾਹਾਂ ਦੀ ਸੂਚੀ

1. ਪ੍ਰਿੰਸੀਪਲ ਸਸਸਸ , ਸਲੀਨਾ (ਮੋਗਾ)

2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਮੋਗਾ ਦੇ ਦਫਤਰ ਦਾ ਸਬੰਧਤ ਡੀਲਿੰਗ ਸਹਾਇਕ।

3. ਸਬੰਧਤ ਸਕੂਲ ਦਾ ਕਲਰਕ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

## ਦੋਸ਼ ਵਿਵਰਣ

ਸ਼੍ਰੀ ਧਨਵੰਤ ਸਿੰਘ, ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਲੀਨਾ (ਮੋਗਾ) ਵਿਰੁੱਧ ਦੋਸ਼ ਹੈ ਕਿ ਉਹ ਮਿਤੀ 29-05-12 ਤੋਂ ਹੁਣ ਤੱਕ ਆਪਣੀ ਡਿਊਟੀ ਤੋਂ ਜਾਣ-ਬੁੱਝ ਕੇ ਅਣ-ਅਧਿਕਾਰਤ ਤੋਰ ਤੇ ਗੈਰਹਾਜਰ ਰਿਹਾ ਹੈ।

ਇਸ ਤਰਾਂ ਕਰਕੇ ਕਰਮਚਾਰੀ ਨੇ ਕੰਡਕਟ ਰੂਲਾਂ ਦੀ ਉਲਘੰਣਾ ਕੀਤੀ ਹੈ ਅਤੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋ ix) ਅਧੀਨ ਸਜਾ ਦਾ ਭਾਗੀ ਬਣਾਇਆ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ